Punjabi



# ਆਪਣੀਆਂ ਕੀਮਤੀ ਚੀਜ਼ਾਂ ਕਦੇ ਵੀ ਗੱਡੀ ਵਿੱਚ ਛੱਡੀਆਂ ਨਹੀਂ ਜਾਣੀਆਂ ਚਾਹੀਦੀਆਂ ਹਨ।

kidsafevic.com.au

# ਆਪਣੀਆਂ ਕੀਮਤੀ ਚੀਜ਼ਾਂ ਕਦੇ ਵੀ ਗੱਡੀ ਵਿੱਚ ਛੱਡੀਆਂ ਨਹੀਂ ਜਾਣੀਆਂ ਚਾਹੀਦੀਆਂ ਹਨ।

ਸਿਰਫ ਗਰਮੀ ਵਾਲੇ ਦਿਨ ਹੀ ਨਹੀਂ, ਬਲਕਿ ਕਿਸੇ ਵੀ ਦਿਨ ਬੱਚਿਆਂ ਨੂੰ ਗੱਡੀ ਵਿੱਚ ਇਕੱਲਾ ਛੱਡਣਾ ਖਤਰਨਾਕ ਹੁੰਦਾ ਹੈ। ਅਜਿਹਾ ਕਰਨ ਨਾਲ ਗੰਭੀਰ ਨੁਕਸਾਨ ਹੋ ਸਕਦਾ ਹੈ ਜਾਂ ਫਿਰ ਮੌਤ ਹੋ ਸਕਦੀ ਹੈ। ਵਿਕਟੋਰੀਆ ਵਿੱਚ, ਬੱਚਿਆਂ ਨੂੰ ਇਕੱਲੇ ਗੱਡੀ ਵਿੱਚ ਛੱਡਣਾ ਗੈਰ-ਕਾਨੂੰਨੀ ਹੈ। ਮਾਤਾ-ਪਿਤਾ ਜਾਂ ਦੇਖਰੇਖ ਕਰਤਾਵਾਂ ਨੂੰ ਜੁਰਮਾਨਾ ਜਾਂ ਫਿਰ ਛੇ ਮਹੀਨੇ ਤੱਕ ਦੀ ਜੇਲ੍ਹ ਹੋ ਸਕਦੀ ਹੈ।

## ਖਤਰੇ ਕੀ ਹਨ?

ਸੁਹਾਵਣੇ ਦਿਨ ਦੌਰਾਨ ਵੀ, ਪਾਰਕ ਕੀਤੀ ਗੱਡੀ ਦੇ ਅੰਦਰ ਤਾਪਮਾਨ ਬਾਹਰਲੇ ਤਾਪਮਾਨ ਨਾਲੋਂ 20 ਤੋਂ 30 ਡਿਗਰੀ ਵੱਧ ਗਰਮ ਹੋ ਸਕਦਾ ਹੈ।

ਪੰਜਾਂ ਮਿੰਟਾਂ ਵਿੱਚ ਹੀ, ਗੱਡੀ ਦੇ ਅੰਦਰ ਤਾਪਮਾਨ ਦੁਗਣਾ ਹੋ ਸਕਦਾ ਹੈ। ਜੇਕਰ ਬਾਹਰਲਾ ਤਾਪਮਾਨ 30 ਡਿਗਰੀ ਹੈ, ਤਾਂ ਹੋ ਸਕਦਾ ਹੈ ਕਿ ਤੁਹਾਡੀ ਔਲਾਦ ਗੱਡੀ ਅੰਦਰ 60 ਡਿਗਰੀ ਤੱਕ ਦੇ ਤਾਪਮਾਨ ਨੂੰ ਝੱਲ ਰਹੀ ਹੋਵੇ।

ਕਿਉਂਕਿ ਕਿਸੇ ਬੱਚੇ/ਬੱਚੀ ਦੇ ਸਰੀਰ ਦਾ ਤਾਪਮਾਨ ਕਿਸੇ ਬਾਲਗ ਦੇ ਸਰੀਰ ਦੇ ਤਾਪਮਾਨ ਦੀ ਤੁਲਨਾ ਵਿੱਚ ਤਿੰਨ ਤੋਂ ਪੰਜ ਗੁਣਾ ਤੇਜ਼ੀ ਨਾਲ ਵੱਧਦਾ ਹੈ, ਇਸਲਈ ਬੱਚੇ/ਬੱਚੀ ਦੇ ਸਰੀਰ ਉਤੇ ਇਸ ਗਰਮੀ ਦਾ ਤੁਰੰਤ ਅਸਰ ਪੈਂਦਾ ਹੈ। ਇਸ ਕਰਕੇ ਉਨ੍ਹਾਂ ਨੂੰ ਜਾਨਲੇਵਾ ਹੀਟ ਸਟਰੋਕ ਹੋਣ, ਦਿਮਾਗੀ ਨੁਕਸਾਨ ਹੋਣ, ਦਿਲ ਅਤੇ ਫੇਫੜੇ ਦੇ ਕੰਮ ਕਰਨਾ ਬੰਦ ਕਰਨ, ਅਤੇ ਡੀਹਾਈਡਰੇਸ਼ਨ ਹੋਣ ਦਾ ਖਤਰਾ ਵੱਧ ਹੁੰਦਾ ਹੈ।

ਵੱਡੀਆਂ ਕਾਰਾਂ ਛੋਟੀਆਂ ਕਾਰਾਂ ਦੇ ਸਮਾਨ ਹੀ ਤੇਜ਼ੀ ਨਾਲ ਗਰਮ ਹੋ ਜਾਂਦੀਆਂ ਹਨ। ਖਿੜਕੀਆਂ ਥੋੜੀਆਂ ਖੁੱਲ੍ਹੀਆਂ ਰੱਖਣ ਨਾਲ ਅੰਦਰ ਤੇ ਤਾਪਮਾਨ ਤੇ ਬਹੁਤ ਘੱਟ ਅਸਰ ਪੈਂਦਾ ਹੈ। ਜਾਂਚ ਨਾਲ ਇਹ ਪਤਾ ਲੱਗਿਆ ਹੈ ਕਿ ਜਦੋਂ ਖਿੜਕੀਆਂ 10 ਸੈਂਟੀਮੀਟਰ ਤੱਕ ਖੁੱਲ੍ਹੀਆਂ ਛੱਡੀਆਂ ਜਾਂਦੀਆਂ ਹਨ ਤਾਂ ਇਸ ਨਾਲ ਅੰਦਰਲਾ ਤਾਪਮਾਨ ਸਿਰਫ ਪੰਜ ਡਿਗਰੀ ਤਕ ਘੱਟਦਾ ਹੈ।

**ਗੱਡੀ ਸੰਬੰਧੀ ਸੁਰੱਖਿਆ ਬਾਰੇ ਵਧੇਰੀ ਜਾਣਕਾਰੀ ਲਈ, ਕ੍ਰਿਪਾ ਕਰਕੇ kidsafevic.com.au ਵੇਖੋ**

**ਐਮਰਜੈਂਸੀ ਵਿੱਚ 000 ਤੇ ਫੋਨ ਕਰੋ**